

Pharmaceutical Services Division, BC Ministry of Health

# Fair PharmaCare (ਫ਼ੇਅਰ ਫ਼ਾਰਮਾ ਕੇਅਰ) ਪਲੈਨ

## — ਨਵੇਂ ਵਸਨੀਕਾਂ ਲਈ

**Fair PharmaCare (ਫ਼ੇਅਰ ਫ਼ਾਰਮਾ ਕੇਅਰ) ਪਲੈਨ ਲਈ ਆਪਣਾ ਨਾਂ ਦਰਜ ਕਰਵਾ ਸਕਣ ਤੋਂ ਪਹਿਲਾਂ ਤੁਹਾਡਾ ਨਾਂ Medical Services Plan (ਮੈਡੀਕਲ ਸੇਵਾਵਾਂ ਵਾਲਾ ਪਲੈਨ) ਨਾਲ ਰਜਿਸਟਰ ਹੋਣਾ ਲਾਜ਼ਮੀ ਹੈ।**

- Medical Services Plan (MSP) (ਮੈਡੀਕਲ ਸੇਵਾਵਾਂ ਵਾਲਾ ਪਲੈਨ – ਐੱਮ.ਐੱਸ.ਪੀ.) ਬ੍ਰਿਟਿਸ਼ ਕੋਲੰਬੀਆ ਦੇ ਸਾਰੇ ਵਸਨੀਕਾਂ ਨੂੰ ਡਾਕਟਰ ਕੋਲ ਜਾਣ ਅਤੇ ਹਸਪਤਾਲ ਦੀਆਂ ਲਾਗਤਾਂ ਜਿਹੇ ਮੈਡੀਕਲ ਖ਼ਰਚਿਆਂ ਲਈ ਕਵਰ ਕਰਦਾ ਹੈ। ਆਪਣਾ ਨਾਂ ਦਰਜ ਕਰਵਾਉਣ 'ਤੇ ਐੱਮ.ਐੱਸ.ਪੀ. ਵੱਲੋਂ ਤੁਹਾਨੂੰ ਇੱਕ CareCard (ਕੇਅਰ ਕਾਰਡ) ਭੇਜਿਆ ਜਾਂਦਾ ਹੈ।

- ਮੈਡੀਕਲ ਸੇਵਾਵਾਂ ਹਾਸਲ ਕਰਨ ਲਈ ਤੁਹਾਨੂੰ ਕੇਅਰ ਕਾਰਡ ਉੱਪਰਲੇ Personal Health Number (PHN) (ਨਿੱਜੀ ਸਿਹਤ ਨੰਬਰ – ਪੀ.ਐੱਚ.ਐੱਨ.) ਦੀ ਲੋੜ ਪਵੇਗੀ।

**ਜਦੋਂ ਤੁਹਾਨੂੰ ਤੁਹਾਡਾ ਕੇਅਰ ਕਾਰਡ ਮਿਲ ਜਾਵੇ, ਤੁਸੀਂ ਫ਼ੇਅਰ ਫ਼ਾਰਮਾ ਕੇਅਰ ਲਈ ਰਜਿਸਟਰ ਕਰ ਸਕਦੇ ਹੋ।**

- ਫ਼ੇਅਰ ਫ਼ਾਰਮਾ ਕੇਅਰ ਡਾਕਟਰ ਦੀ ਸਿਫ਼ਾਰਸ਼ 'ਤੇ ਮਿਲਣ ਵਾਲੀਆਂ ਬਹੁਤੀਆਂ ਦਵਾਈਆਂ ਅਤੇ ਕੁਝ ਮੈਡੀਕਲ ਸਮੱਗਰੀਆਂ ਦਾ ਖ਼ਰਚਾ ਕਵਰ ਕਰਦਾ ਹੈ।

- ਤੁਹਾਡੀ ਸਾਲਾਨਾ ਪਰਿਵਾਰਕ ਆਮਦਨ ਅਤੇ ਡਾਕਟਰ ਦੀ ਸਿਫ਼ਾਰਸ਼ 'ਤੇ ਮਿਲਣ ਵਾਲੀਆਂ ਦਵਾਈਆਂ ਅਤੇ ਮੈਡੀਕਲ ਸਮੱਗਰੀਆਂ ਉੱਪਰ ਤੁਹਾਡੇ ਵੱਲੋਂ ਕੀਤੇ ਜਾਂਦੇ ਸਾਲਾਨਾ ਖ਼ਰਚੇ ਦੇ ਆਧਾਰ 'ਤੇ ਫ਼ੇਅਰ ਫ਼ਾਰਮਾ ਕੇਅਰ ਪਲੈਨ ਤੁਹਾਡੀਆਂ ਲਾਗਤਾਂ ਘਟਾ ਸਕਦਾ ਹੈ।

- ਫ਼ੇਅਰ ਫ਼ਾਰਮਾ ਕੇਅਰ ਲਈ ਰਜਿਸਟਰ ਕਰਨਾ ਮੁਫ਼ਤ ਹੈ ਅਤੇ ਨਾ ਹੀ ਇਸ ਦੇ ਕੋਈ ਪ੍ਰੀਮੀਅਮ ਭਰਨੇ ਪੈਂਦੇ ਹਨ।

**ਇਹ ਪਲੈਨ ਕਿਵੇਂ ਕੰਮ ਕਰਦਾ ਹੈ, ਇਸ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਫ਼ੇਅਰ ਫ਼ਾਰਮਾ ਕੇਅਰ ਪਲੈਨ ਦਾ ਜਾਣਕਾਰੀ ਵਰਕਾ ਦੇਖੋ ਜਾਂ ਸਾਡੀ ਵੈੱਬਸਾਈਟ 'ਤੇ ਜਾਓ।**

### ਮੈਂ ਕਿਵੇਂ ਰਜਿਸਟਰ ਕਰ ਸਕਦਾ ਹਾਂ?

- ✓ ਆਨ-ਲਾਈਨ ਫ਼ੇਅਰ ਫ਼ਾਰਮਾ ਕੇਅਰ ਦੀ ਵੈੱਬ ਰਜਿਸਟਰੇਸ਼ਨ ਦੀ ਵਰਤੋਂ ਕਰਕੇ, ਜਾਂ
- ✓ Health Insurance BC (ਹੈਲਥ ਇੰਸ਼ੋਰੈਂਸ ਬੀ.ਸੀ.) ਨਾਲ ਫ਼ੋਨ ਰਾਹੀਂ ਸੰਪਰਕ ਕਰਕੇ।

**ਹੈਲਥ ਇੰਸ਼ੋਰੈਂਸ ਬੀ.ਸੀ. ਮੈਡੀਕਲ ਸੇਵਾਵਾਂ ਵਾਲੇ ਪਲੈਨ ਅਤੇ ਫ਼ੇਅਰ ਫ਼ਾਰਮਾ ਕੇਅਰ ਪਲੈਨ ਸੰਬੰਧੀ ਤਹਾਡੇ ਸਵਾਲਾਂ ਦੇ ਜਵਾਬ ਦੇ ਸਕਦੀ ਹੈ। ਪੰਨਾ ਨੰਬਰ 2 'ਤੇ ਸੰਪਰਕ ਜਾਣਕਾਰੀ ਦੇਖੋ।**



BRITISH COLUMBIA
The Best Place on Earth

## ਜੇ ਮੈਂ ਇੱਕ ਨਵਾਂ ਵਸਨੀਕ ਹਾਂ ਤਾਂ ਮੈਂ ਆਪਣੀ ਆਮਦਨ ਦੀ ਇਤਲਾਹ ਕਿਵੇਂ ਦੇਵਾਂ?

- ਫ਼ੇਅਰ ਫ਼ਾਰਮਾ ਕੇਅਰ ਲਈ ਰਜਿਸਟਰ ਕਰਨ ਸਮੇਂ ਆਪਣੀ 1 ਸਾਲ ਪੁਰਾਣੀ ਅੰਦਾਜ਼ਨ ਸ਼ੁੱਧ ਆਮਦਨ (ਨੈੱਟ ਇਨਕਮ) ਬਾਰੇ ਦੱਸੋ। ਜੇ ਤੁਸੀਂ ਵਿਆਹੇ ਹੋਏ ਹੋ ਤਾਂ ਤੁਹਾਡੇ ਵੱਲੋਂ ਆਪਣੇ ਪਤੀ ਜਾਂ ਪਤਨੀ ਦੀ ਸ਼ੁੱਧ ਆਮਦਨ ਬਾਰੇ ਦੱਸਣਾ ਵੀ ਲਾਜ਼ਮੀ ਹੈ।

  ਉਦਾਹਰਣ ਵਜੋਂ, ਜੇ ਤੁਸੀਂ 2010 ਵਿੱਚ ਰਜਿਸਟਰ ਕਰ ਰਹੇ ਹੋ ਤਾਂ ਆਪਣੀ 2009 ਦੀ ਸ਼ੁੱਧ ਆਮਦਨ ਦੱਸੋ।

- ਕੈਨੇਡਾ ਵਿੱਚ ਅਤੇ ਕੈਨੇਡਾ ਤੋਂ ਬਾਹਰ ਹੋਈ ਆਮਦਨ ਬਾਰੇ ਜਾਣਕਾਰੀ ਪ੍ਰਦਾਨ ਕਰੋ।

  ਆਪਣੀ ਅੰਦਾਜ਼ਨ ਸ਼ੁੱਧ ਆਮਦਨ ਦੀ ਜਾਣਕਾਰੀ ਨਾਲ ਰਜਿਸਟਰ ਕਰਨ 'ਤੇ ਤੁਹਾਨੂੰ ਉਸ ਸ਼ੁੱਧ ਆਮਦਨ ਦੇ ਆਧਾਰ 'ਤੇ **ਅਸਥਾਈ ਕਵਰੇਜ** ਤੁਰੰਤ ਮਿਲ ਜਾਂਦੀ ਹੈ।

- ਸਾਡਾ ਕੰਪਿਊਟਰ ਸਿਸਟਮ ਕੈਨੇਡਾ ਰੈਵਿਨਿਊ ਏਜੰਸੀ ਤੋਂ ਤੁਹਾਡੀ ਆਮਦਨ ਤਸਦੀਕ ਕਰਨ ਦੀ ਕੋਸ਼ਿਸ਼ ਕਰੇਗਾ। ਜੇ ਕੈਨੇਡਾ ਰੈਵਿਨਿਊ ਏਜੰਸੀ ਤੁਹਾਡੀ ਆਮਦਨ ਨੂੰ ਤਸਦੀਕ ਨਹੀਂ ਕਰ ਸਕਦੀ, ਕਿਉਂਕਿ ਤੁਸੀਂ ਇਨਕਮ ਟੈਕਸ ਰਿਟਰਨ ਉਸ ਸਾਲ ਨਹੀਂ ਭਰਿਆ ਸੀ, ਤਾਂ ਅਸੀਂ ਤੁਹਾਨੂੰ ਇੱਕ ਚਿੱਠੀ ਭੇਜਾਂਗੇ।

- ਜਦੋਂ ਤੁਹਾਨੂੰ ਇਹ ਚਿੱਠੀ ਮਿਲੇ, ਹੈਲਥ ਇੰਸ਼ੋਰੈਂਸ ਬੀ.ਸੀ. ਨਾਲ ਹੇਠ ਲਿਖੇ ਕਿਸੇ ਵੀ ਇੱਕ ਨੰਬਰ 'ਤੇ ਸੰਪਰਕ ਕਰੋ। ਉਹ ਤੁਹਾਨੂੰ ਦੱਸਣਗੇ ਕਿ ਆਪਣੀ ਆਮਦਨ ਨੂੰ ਤਸਦੀਕ ਕਰਨ ਲਈ ਤੁਸੀਂ ਕਿਹੜੇ ਦਸਤਾਵੇਜ਼ ਭੇਜ ਸਕਦੇ ਹੋ।

## ਹੈਲਥ ਇੰਸ਼ੋਰੈਂਸ ਬੀ.ਸੀ. ਨਾਲ ਸੰਪਰਕ ਕਰੋ

- ਹੈਲਥ ਇੰਸ਼ੋਰੈਂਸ ਬੀ.ਸੀ. Ministry of Health Services (ਬੀ.ਸੀ. ਦਾ ਸਿਹਤ ਸੇਵਾਵਾਂ ਦਾ ਮੰਤਰਾਲਾ) ਲਈ ਫ਼ਾਰਮਾ ਕੇਅਰ ਅਤੇ ਮੈਡੀਕਲ ਸੇਵਾਵਾਂ ਵਾਲੇ ਪਲੈਨ ਦਾ ਸੰਚਾਲਨ ਕਰਦੀ ਹੈ।
- ਹੈਲਥ ਇੰਸ਼ੋਰੈਂਸ ਬੀ.ਸੀ. ਮੈਡੀਕਲ ਸੇਵਾਵਾਂ ਵਾਲੇ ਪਲੈਨ ਅਤੇ ਫ਼ੇਅਰ ਫ਼ਾਰਮਾ ਕੇਅਰ, ਦੋਵਾਂ ਸੰਬੰਧੀ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦੀ ਹੈ।



**ਕੰਪਿਊਟਰ ਰਾਹੀਂ:**

ਮੈਡੀਕਲ ਸੇਵਾਵਾਂ ਵਾਲੇ ਪਲੈਨ ਸੰਬੰਧੀ ਜਾਣਕਾਰੀ ਲਈ www.health.gov.bc.ca/msp (ਅੰਗਰੇਜ਼ੀ)'ਤੇ ਜਾਓ

ਫ਼ੇਅਰ ਫ਼ਾਰਮਾ ਕੇਅਰ ਜਾਂ ਹੋਰਨਾਂ ਫ਼ਾਰਮਾ ਕੇਅਰ ਪਲੈਨਾਂ ਸੰਬੰਧੀ ਜਾਣਕਾਰੀ ਲਈ www.health.gov.bc.ca/pharmacare (ਅੰਗਰੇਜ਼ੀ)'ਤੇ ਜਾਓ

ਫ਼ੇਅਰ ਫ਼ਾਰਮਾ ਕੇਅਰ ਪਲੈਨ ਲਈ ਰਜਿਸਟਰ ਕਰਨ ਵਾਸਤੇ https://pharmacare.moh.hnet.bc.ca (ਅੰਗਰੇਜ਼ੀ)'ਤੇ ਜਾਓ



**ਟੈਲੀਫ਼ੋਨ ਰਾਹੀਂ:**

ਵੈਨਕੂਵਰ ਅਤੇ ਲੋਅਰ ਮੇਨਲੈਂਡ ਤੋਂ: **604-683-7151**

ਬੀ.ਸੀ. ਵਿਚਲੀਆਂ ਹੋਰਨਾਂ ਥਾਵਾਂ ਤੋਂ, ਟੋਲ ਫ਼੍ਰੀ: **1-800-663-7100**

ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਅਤੇ ਸ਼ਨਿਚਰਵਾਰ, ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ।